(i) Printed Pages: 3] Roll No. ..................................

(ii) Questions : 7] **Sub. Code : 0 5 0 2**

**Exam. Code : 0 0 0 6**

# B.A./B.Sc. (General) 6th Semester Examination

# 1047

## PUNJABI
(Compulsory)

**(For B.A. Candidates & Shastri-VI Semester VI Only)**

**Time : 3 Hours]** **[Max. Marks : 45**

1. 'ਅੰਨ੍ਹੇ ਘੋੜੇ ਦਾ 'ਦਾਨ' ਨਾਵਲ ਦਾ ਵਿਸ਼ਾ-ਵਸਤੂ ਸਪਸ਼ਟ ਕਰੋ ? 10

ਜਾਂ

ਕਿਸੇ ਦੋ ਪਾਤਰਾਂ ਦਾ ਚਰਿੱਤਰ ਚਿਤਰਨ ਕਰੋ :

(ੳ) ਮੇਲੂ

(ਅ) ਫਿੰਦਾ

(ੲ) ਧਰਮਾ

2. ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਪਾਲਾ ਅਜੇ ਵੀ ਆਪਣੀਆਂ ਈ ਮਾਰੀ ਜਾਂਦਾ ਸੀ। ਧਰਮੇ ਨੇ ਉਸ ਵੱਲੋਂ ਬੇਧਿਆਨੀ ਕਰਦਿਆ ਮੇਲੂ ਦੇ ਬਾਪੂ ਨੂੰ ਪੁਛਿਆ, "ਤੇਰੇ ਮੁੰਡੇ ਦਾ ਕੀ ਹਾਲ ਐ .............. ਸ਼ਹਿਰ ਆਲੇ ਦਾ ?"

ਜਾਂ

"ਉਹ !" ਕਹਿੰਦੀਆਂ ਤੇ ਪੈਰ ਉਤਾਂਹ ਚੁੱਕੇ ਕੇ ਪੀੜ ਮੰਨਦਿਆਂ ਉਹ ਰੁਕ ਗਿਆ। ਕਿਸੇ ਵੱਡੇ ਸਾਰੇ ਪੱਥਰ ਦੇ ਕੋਲੇ ਨਾਲ ਠੇਡਾ ਵੱਜਿਆ ਸੀ।

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਦੇ ਸੰਖੇਪ ਉੱਤਰ ਲਿਖੋ : 5×1=5

(i) 'ਅੰਨੇ ਘੋੜੇ ਦਾ ਦਾਨ' ਨਾਵਲ ਦੇ ਪੰਜ ਮਹੱਤਵਪੂਰਨ ਪਾਤਰਾਂ ਦੇ ਨਾਂ ਲਿਖੋ।

(ii) ਮੇਲੂ ਦੇ ਪਿਓ ਦੇ ਕਿੰਨੇ ਪੁੱਤਰ-ਧੀਆਂ (ਬੱਚੇ) ਹਨ ?

(iii) ਸੁੱਤੇ ਪਏ ਮੇਲੂ ਨੂੰ ਕਿਹੋ ਜਿਹੇ ਡਰਾਉਣੇ ਸੁਪਨੇ ਆਉਂਦੇ ਸਨ ?

(iv) ਬੀਟੋ ਦਾ ਪਤੀ ਕੀ ਕਮ ਕਰਦਾ ਸੀ ?

(v) ਦੂੱਲੇ ਬਾਰੇ ਸੰਖੇਪ ਜਾਣਕਾਰੀ ਦਿਓ ?

(vi) ਦੂੱਲੇ ਤੇ ਧੀਰੂ ਨੂੰ ਪੁਲਿਸ ਨੇ ਕਿਉਂ ਫੜਿਆ ਸੀ ?

(vii) ਲੱਭੂ ਪਰਜਾਪਤ ਕੌਣ ਸੀ ?

(viii) ਨਾਵਲ ਦੇ ਅੰਤ ਵਿਚ ਵਿੰਦੇ ਦੀ ਮਾਨਸਿਕ ਹਾਲਤ ਕਿਹੋ ਜਿਹੀ ਸੀ ?

4. ਤੁਹਾਡੇ ਕਾਲਜ ਵਿਚ ਅੰਤਰ-ਕਾਲਜ ਸਭਿਆਚਾਰਕ ਮੁਕਾਬਲਾ ਹੋਇਆ ਹੈ। ਉਸ ਸੰਬੰਧੀ ਇੱਕ ਪ੍ਰੈਸ-ਨੋਟ ਤਿਆਰ ਕਰੋ। 8

5. ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਹੀ ਸਭ ਤੋਂ ਢੁੱਕਵੀਂ ਤੇ ਆਦਰਸ਼ ਲਿਪੀ ਹੈ। ਦਲੀਲਾਂ ਸਹਿਤ ਉੱਤਰ ਦਿਉ।

ਜਾਂ

ਗੁਰਮੁਖੀ ਲਿਪੀ ਦੇ ਵਿਕਾਸ ਵਿਚ ਗੁਰੂ ਸਹਿਬਾਨ ਦੇ ਯੋਗਦਾਨ ਬਾਰੇ ਰੋਸ਼ਨੀ ਪਾਉ। 7

6. ਵਾਕ ਕੀ ਹੁੰਦਾ ਹੈ ? ਬਣਤਰ ਦੇ ਆਧਾਰ 'ਤੇ ਇਸ ਦੀਆ ਕਿਸਮਾਂ ਦੱਸੋ।

ਜਾਂ

ਉਪਵਾਕ ਕੀ ਹੁੰਦਾ ਹੈ ? ਕਾਰਜ ਦੇ ਆਧਾਰ 'ਤੇ ਇਸ ਦੀਆਂ ਕਿਸਮਾਂ ਦੱਸੋ। 6

7. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :

(i) ਵਾਕ ਦੀ ਪਰਿਭਾਸ਼ਾ ਲਿਖੋ।

(ii) ਇੱਕ ਸੰਯੁਕਤ ਤੇ ਇੱਕ ਮਿਸ਼ਰਤ ਵਾਕ ਲਿਖੋ।

(iii) ਹੁਕਮੀ ਵਾਕ ਦੀ ਪਰਿਭਾਸ਼ਾ ਲਿਖੋ ਤੇ ਇੱਕ ਉਦਾਹਰਣ ਵੀ ਦਿਓ।

(iv) ਪੈਂਤੀ ਦੇ ਅੱਖਰ ਤਰਕੀਬ ਵਿਚ ਲਿਖੋ। 2×2=4